This question paper contains 3 printed pages]

*Your Roll No*...............

**4514**

**B.A. (PROGRAMME)/I** **C**

PUNJABI LANGUAGE (B) -Paper I

(Intermediate Punjabi)

(Admission of 2004/2006 and onwards in respect of the students of Regular Colleges/NCWEB)

*Time : 3 Hours* *Maximum Marks : 75*

*Write your Roll No. on the top immediately on receipt of this question paper.*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਦਿੱਲੀ ਨਗਰ ਨਿਗਮ ਦੇ ਕਮਿਸ਼ਨਰ ਨੂੰ ਆਪਣੀ ਕਾਲੋਨੀ ਦੇ ਪਾਰਕਾਂ ਤੇ ਸੜਕਾਂ ਦੀ ਦੁਰਦਸ਼ਾ ਬਾਰੇ ਸ਼ਿਕਾਇਤੀ ਪੱਤਰ ਲਿਖੋ ;

ਜਾਂ

ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਵਿਸ਼ੇ ਦੀ ਬਦਲੀ ਲਈ ਬੇਨਤੀ-ਪੱਤਰ ਲਿਖੋ । 10

2. ਆਪਣੀ ਮਨ-ਪਸੰਦ ਪੰਜਾਬੀ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 10

P.T.O.

3. ਆਪਣੀ ਮਨ-ਪਸੰਦ ਸ਼ਬਜ਼ੀ ਬਣਾਉਣ ਲਈ ਸਮਗਰੀ ਸਮੇਤ ਵਿਧੀ ਲਿਖੋ । 10

4. 'ਵਿਸ਼ੇਸ਼ਣ' ਕਿਸਨੂੰ ਕਹਿੰਦੇ ਹਨ ? ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ, ਉਦਾਹਰਨਾਂ ਸਹਿਤ ਲਿਖੋ । 10

5. (i) ਪੰਜਾਬੀ ਦੇ ਦੁੱਤ ਅੱਖਰਾਂ ਬਾਰੇ ਨੋਟ ਲਿਖੋ । 5

(ii) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਨੂੰ ਦੋ-ਦੋ ਵਾਕਾਂ ਵਿਚ ਇੰਜ ਵਰਤੋ ਕਿ ਵੱਖ-ਵੱਖ ਅਰਥ ਸਪਸ਼ਟ ਹੋਣ :

ਸਾਰ, ਕਲੀ, ਘੜੀ, ਡੰਡੀ, ਕੋਟ । 5

(iii) ਹੇਠ ਲਿਖੇ ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ :

ਉਪ, ਹਮ, ਕੁ, ਨਿਰ, ਬਦ । 5

(iv) ਬੇਨਤੀ ਕਰਨ ਸੰਬੰਧੀ **ਪੰਜ** ਵਾਕ ਲਿਖੋ । 5

(v) ਪੰਜਾਬੀ ਸ਼ਬਦ-ਜੋੜਾਂ ਦੇ ਕੋਈ **ਪੰਜ** ਨੇਮ ਲਿਖੋ । 5

6. ਹੇਠ ਲਿਖੇ ਪੈਰ੍ਹੇ ਦਾ ਸਾਰੰਸ਼ ਲਿਖੋ ਤੇ ਢੁੱਕਵਾਂ ਸਿਰਲੇਖ ਵੀ ਲਿਖੋ :

ਵਿਦਿਆ ਮਨੁੱਖੀ ਗੁਣਾਂ ਦਾ ਅਜਿਹਾ ਭੰਡਾਰ ਹੈ, ਜਿਸ ਵਿਚੋਂ ਗੁਣ ਧਾਰਨ ਕਰਕੇ ਵਿਦਿਆਰਥੀ ਆਪਣੇ ਭਵਿੱਖ ਦਾ ਰਾਹ ਨਿਸ਼ਚਿਤ ਕਰਦਾ ਹੈ । ਵਿਦਿਆ ਦੇ ਅਨਮੋਲ ਸਾਗਰ ਵਿਚੋਂ ਉਹ ਵੱਖ-ਵੱਖ ਵਿਸ਼ਿਆਂ ਦਾ ਗਿਆਨ ਹਾਸਲ ਕਰਦਾ ਹੈ । ਵਿਦਿਆਰਥੀ ਜੀਵਨ ਮਨੁੱਖ ਦੇ ਸੁਨਹਿਰੀ ਭਵਿੱਖ ਦੀ ਤਿਆਰੀ ਹੈ, ਜਿਸ ਵਿਚੋਂ ਟਰੇਨਿੰਗ ਲੈ ਕੇ ਉਹ ਆਪਣੇ ਆਪ ਨੂੰ ਹਰ ਪਾਸੇ ਤੋਂ ਪਰੱਪਕ ਕਰ ਲੈਂਦਾ ਹੈ, ਵਿਸ਼ੇਸ਼ ਤੌਰ 'ਤੇ ਮਨੁੱਖ ਆਪਣੇ ਦੇਸ ਦੀ ਸਭਿਅਤਾ, ਸਭਿਆਚਾਰ ਤੇ ਗੌਰਵ-ਪੂਰਨ ਪਰੰਪਰਾ ਦਾ ਆਪਣਾ ਹਿਰਦੇ ਵਿਚ ਸੰਚਾਰ ਕਰਦਾ ਹੈ । ਉਂਜ ਤਾਂ ਰਾਜਨੀਤੀ

ਤੇ ਵਿਦਿਆਰਥੀ ਜ਼ਿੰਦਗੀ ਦੇ ਅਲੱਗ-ਅਲੱਗ ਪਹਿਲੂ ਹਨ, ਪਰ ਵਿਦਿਆਰਥੀ ਨੂੰ ਵਿਦਿਆ ਪ੍ਰਾਪਤ ਕਰਕੇ ਦੇਸ਼ ਦੀ ਬਾਗਡੋਰ ਨੂੰ ਸੰਭਾਲਣਾ ਹੈ । ਆਪਣੇ ਸਭਿਆਚਾਰ ਦੀ ਰਾਖੀ ਕਰਨੀ ਹੈ ਅਤੇ ਆਪਣੀ ਸ਼ਾਨਦਾਰ ਵਿਰਾਸਤ ਨੂੰ ਆਪਣੇ ਜੀਵਨ ਵਿਚ ਰਚਾਉਣਾ ਹੈ. ਇਸ ਲਈ ਉਸਨੂੰ ਰਾਜਨੀਤੀ ਵਿਗਿਆਨ ਵਰਗੇ ਵਿਸ਼ਿਆਂ ਨੂੰ ਪੜ੍ਹ ਕੇ ਸੰਵਿਧਾਨ ਦੇ ਮਹੱਤਵ ਨੂੰ ਸਮਝਣਾ ਚਾਹੀਦਾ ਹੈ ਅਤੇ ਸੰਵਿਧਾਨ ਵਿਚ ਲਿਖੇ ਕਨੂੰਨਾਂ ਅਤੇ ਨਿਯਮਾਂ ਦੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ । ਵਿਦਿਆਰਥੀ ਜੀਵਨ ਹੀ ਇਸ ਗਿਆਨ ਪ੍ਰਾਪਤੀ ਦਾ ਸਹੀ ਪੜਾਅ ਹੈ । 10